34

# ਮੁੱਖ ਸ਼ਬਦ ਅਤੇ ਵਾਕ ਅੰਸ਼

*ਅਸੀਂ ਮਸੀਹ ਦੀ ਸਿੱਧਤਾ ਨੂੰ ਉਨ੍ਹਾਂ ਸ਼ਬਦਾਂ ਅਤੇ ਵਾਕਅਸ਼ਾਂ ਰਾਹੀਂ ਅਸਾਨੀ ਨਾਲ ਵਿਚਾਰ ਸਕਦੇ ਹਾਂ ਜਿਨ੍ਹਾਂ ਵਿਚ ਮਸੀਹ ਦੀ ਕਹਾਣੀ ਬਿਆਨ ਕੀਤੀ ਗਈ ਹੈ।*

***ਖ਼ੁਦਾਈ:*** ਨਾਂਅ ''ਖ਼ੁਦਾ'' ਨੂੰ ਇਲਾਹੀ ਪਰਿਵਾਰਕ ਨਾਂਅ ਦੇ ਤੌਰ ਤੇ ਵਿਚਾਰਿਆ ਜਾ ਸਕਦਾ ਹੈ। ਖ਼ੁਦਾਈ ਜਾਂ ਤ੍ਰਿਏਕਤਾ ਜਾਂ ਤਸਲੀਸ, ਪ੍ਰਮੇਸ਼ਵਰ ਪਿਤਾ, ਪ੍ਰਮੇਸ਼ਵਰ ਪੁੱਤਰ (ਯਿਸੂ) ਅਤੇ ਪ੍ਰਮੇਸ਼ਵਰ ਆਤਮਾ ਨਾਲ ਬਣਦੀ ਹੈ। ਖ਼ੁਦਾ ਹੋਂਦ ਅਤੇ ਮਕਸਦ ਵਿਚ ਇਕ ਪਰ ਸ਼ਖ਼ਸ਼ੀਅਤ ਅਤੇ ਕੰਮ ਵਿਚ ਤਿੰਨ ਹੈ (ਵੇਖੋ 2 ਕੁਰਿੰਥੀਆਂ 13:14)। ਉਦਾਹਰਣ ਲਈ ਯਿਸੂ ਦੇ ਬਪਤਿਸਮੇ ਵੇਲੇ, ਯਿਸੂ ਨੂੰ ਬਪਤਿਸਮਾ ਦਿੱਤਾ ਗਿਆ ਸੀ, ਪ੍ਰਮੇਸ਼ਵਰ ਪਿਤਾ ਸੁਰਗ ਤੋਂ ਬੋਲਿਆ ਸੀ, ਅਤੇ ਪਵਿੱਤਰ ਆਤਮਾ ਕਬੂਤਰ ਵਾਂਗ ਉਹਦੇ ਉੱਤੇ ਉੱਤਰਿਆ ਸੀ (ਰਸੂਲਾਂ ਦੇ ਕੰਮ 17:29; ਰੋਮੀਆਂ 1:20; KJV ਵਿਚ ਕੁਲੁੱਸੀਆਂ 2:9)।

*ਪਵਿੱਤਰ ਲਿਖਤ:* ਬਾਈਬਲ ਵਿਚ ਛਿਆਹਠ ਕਿਤਾਬਾਂ (ਉਣਤਾਲੀ ਪੁਰਾਣੇ ਨੇਮ ਵਿਚ ਅਤੇ ਸਤਾਈ ਨਵੇਂ ਨੇਮ ਵਿਚ) ਹਨ ਜੋ ਸਾਨੂੰ ਪਵਿੱਤਰ ਆਤਮਾ ਦੀ ਰਹਿਨੁਮਾਈ ਅਤੇ ਨਿਗਰਾਨੀ ਵਿਚ ਦਿੱਤੀਆਂ ਗਈਆਂ ਸਨ। ਉਨ੍ਹਾਂ ਵਿਚ ਵਿਖਾਇਆ ਗਿਆ ਹੈ ਕਿ ਉਨ੍ਹਾਂ ਨਾਲ ਜੋ ਖ਼ੁਦਾ ਦੀ ਸੰਤਾਨ ਬਣਨ ਦੇ ਚਾਹਵਾਨ ਸਨ, ਉਹਨੇ ਕੀ ਕੀਤਾ ਹੈ, ਉਹ ਕੀ ਕਰ ਰਿਹਾ ਹੈ, ਅਤੇ ਕੀ ਕਰੇਗਾ। ਪੁਰਾਣਾ ਨੇਮ ਮੁੱਖ ਤੌਰ ਤੇ ਇਲਾਹੀ ਇਤਿਹਾਸ ਹੈ, ਜਦ ਕਿ ਨਵਾਂ ਨੇਮ ਮਸੀਹੀ ਯੁੱਗ ਲਈ ਯਿਸੂ ਦੀ ਆਖ਼ਰੀ ਵਸੀਅਤ ਅਤੇ ਨੇਮ ਹੈ। ਵੇਖੋ 2 ਤਿਮੋਥਿਉਸ 3:16, 17; 2 ਪਤਰਸ 1:20, 21.

*ਦੇਹ ਧਾਰਣਾ:* ਖ਼ੁਦਾਈ ਦਾ ਦੂਜਾ ਸ਼ਖ਼ਸ ਯਿਸੂ ਅਸਲ 'ਚ ਮਨੁੱਖ ਬਣਿਆ ਅਤੇ ਸਾਡੇ ਦਰਮਿਆਨ ਰਿਹਾ। ਉਹ ਮਸੀਹਾ ਹੈ ਜਿਹਨੂੰ ਭੇਜਣ ਦਾ ਖ਼ੁਦਾ ਨੇ ਵਾਅਦਾ ਕੀਤਾ ਸੀ। ਉਹ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਆਪਣੀ ਪਛਾਣ ਗੁਆਏ ਬਗੈਰ ਸੁਰਗ ਨੂੰ ਛੱਡ ਕੇ ਆਇਆ ਅਤੇ ਮਨੁੱਖ ਬਣਿਆ। ਸਿਰਫ਼ ਖ਼ੁਦਾ-ਮਨੁੱਖ ਹੀ ਜਗਤ ਦੇ ਸਾਰੇ ਅਪਰਾਧ ਦਾ ਬੋਝ ਚੁਕ ਸਕਦਾ ਸੀ। ਵੇਖੋ ਯੂਹੰਨਾ 1:14; ਫ਼ਿਲਿੱਪੀਆਂ 2:5-8.

*ਯੂਹੰਨਾ ਬਪਤਿਸਮਾ ਦੇਣ ਵਾਲਾ:* ਖ਼ੁਦਾ ਨੇ ਮਸੀਹਾ ਦਾ ਸੁਨੇਹਾ ਦੇਣ ਲਈ ਇਸ ਆਦਮੀ ਨੂੰ ਵੱਖ ਕਰ ਲਿਆ। ਯੂਹੰਨਾ ਦੇ ਪ੍ਰਚਾਰ ਦੇ ਰਾਹੀਂ, ਖ਼ੁਦਾ ਨੇ ਯਿਸੂ ਦੇ ਆਉਣ ਲਈ ਲੋਕਾਂ ਨੂੰ ਤਿਆਰ ਕੀਤਾ। ਯੂਹੰਨਾ ਨੇ ਨਿੱਜੀ ਤੌਰ ਦੇ ਯਿਸੂ ਨੂੰ ਮਸੀਹਾ ਦੇ ਤੌਰ ਤੇ ਪਛਾਣਿਆ। ਵੇਖੋ ਮੱਤੀ 3:1-12; ਮਰਕੁਸ 1:1-8; ਲੂਕਾ 3:1-20; ਯੂਹੰਨਾ 1:29.

*ਯਿਸੂ ਦੀ ਧਰਤੀ ਉਤਲੀ ਸੇਵਕਾਈ:* ਤੀਹ ਸਾਲ ਦੀ ਉਮਰ ਵਿਚ ਯਿਸੂ ਨੇ ਧਰਤੀ ਉਤਲੀ ਸੇਵਕਾਈ ਸ਼ੁਰੂ ਕੀਤੀ। ਤਿੰਨ ਤੋਂ ਵੱਧ ਸਾਲਾਂ ਤਕ ਉਹ ਆਪਣੇ ਆਉਣ ਵਾਲੇ ਰਾਜ ਅਤੇ

ਸਾਡੇ ਪਾਪਾਂ ਲਈ ਆਪਣੀ ਮੌਤ ਦੀ ਬੁਨਿਆਦ ਰੱਖਦਾ ਰਿਹਾ। ਇਸ ਦੌਰਾਨ ਉਹਨੇ ਰਾਜ ਦੀ ਖ਼ੁਸ਼ਖਬਰੀ ਦਾ ਪ੍ਰਚਾਰ ਕੀਤਾ, ਬੀਮਾਰਾਂ ਨੂੰ ਚੰਗਿਆਂ ਕੀਤਾ ਅਤੇ ਵਿਖਾਇਆ ਕਿ ਖ਼ੁਦਾ ਕਿਹੋ ਜਿਹਾ ਹੈ। ਵੇਖੋ ਮੱਤੀ 4:17; 11:4-6; ਮਰਕੁਸ 1:14, 15.

*ਮੋਅਜਜ਼ੇ:* ਅਲੌਕਿਕ ਕੰਮਾਂ ਨੂੰ ''ਮੋਅਜਜ਼ੇ,'' ''ਨਿਸ਼ਾਨ'' ਅਤੇ ''ਅਚੰਭੇ'' ਕਿਹਾ ਜਾਂਦਾ ਸੀ। ਉਨ੍ਹਾਂ ਨਾਲ ਇਹ ਤਸਦੀਕ ਹੋਈ ਕਿ ਯਿਸੂ ਵਿਚ ਖ਼ੁਦਾਈ ਸ਼ਕਤੀ ਹੈ। ਉਹਨੇ ਮੁਰਦਿਆਂ ਨੂੰ ਜ਼ਿੰਦਾ ਕੀਤਾ, ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬਦਰੂਹਾਂ ਨੂੰ ਕੱਢਿਆ ਅਤੇ ਹੋਰ ਮੋਅਜਜ਼ੇ ਕੀਤੇ। ਯਿਸੂ ਨੇ ਉਹਦੇ ਰਸੂਲਾਂ ਜਾਂ ਖ਼ੁਦਾ ਦੀ ਪ੍ਰੇਰਣਾ ਪਾਏ ਪਹਿਲੀ ਸਦੀ ਦੇ ਹੋਰ ਲੋਕਾਂ ਵੱਲੋਂ ਕੀਤੇ ਮੋਅਜਜ਼ਿਆਂ ਤੋਂ ਕੋਈ ਮੁਕੱਰਦਾ ਨਹੀਂ ਸੀ। ਵੇਖੋ ਯੂਹੰਨਾ 20:30, 31; ਇਬਰਾਨੀਆਂ 2:3, 4.

*ਨਬੂਵਤਾਂ (ਦੁੱਖ ਭੋਗਣ ਦੀਆਂ ਪੇਸ਼ਨਗਈਆਂ) ਦਾ ਪੂਰਾ ਹੋਣਾ:* ਯਿਸੂ ਅਕਸਰ ਆਪਣੇ ਆਉਣ ਵਾਲੇ ਮੁਕੱਦਮਿਆਂ ਅਤੇ ਸਲੀਬ ਦਿੱਤੇ ਜਾਣ ਬਾਰੇ ਦੱਸਦਾ ਸੀ। ਉਹਨੇ ਵੇਰਵੇ ਸਹਿਤ ਦੱਸਿਆ ਕਿ ਸੰਸਾਰ ਦੀ ਮੁਕਤੀ ਲਈ ਉਹ ਕੀ ਸਹਿਣ ਵਾਲਾ ਹੈ। ਵੇਖੋ ਮੱਤੀ 16:21-23; 20:18, 19.

*ਪ੍ਰਭੂ ਭੋਜ:* ਆਪਣੇ ਫੜ੍ਹਵਾਏ ਜਾਣ ਦੀ ਰਾਤ ਆਪਣੇ ਚੇਲਿਆਂ ਨਾਲ ਭੋਜ ਖਾਣ ਤੋਂ ਬਾਅਦ, ਯਿਸੂ ਨੇ ਅਖਮੀਰੀ ਰੋਟੀ ਅਤੇ ਦਾਖ ਦੇ ਰਸ ਦਾ ਭੋਜ ਕਾਇਮ ਕੀਤਾ ਜੋ ਉਹਨੇ ਆਪਣੇ ਪੈਰੋਪਕਾਰਾਂ ਨੂੰ ਮਨਾਉਣ ਲਈ ਆਖਿਆ (ਮੱਤੀ 26:26-29; ਮਰਕੁਸ 14:22-25; ਲੂਕਾ 22:19, 20)। ਨਵਾਂ ਨੇਮ ਸੰਕੇਤ ਦਿੰਦਾ ਹੈ ਕਿ ਉਹਨੇ ਪੈਰੋਕਾਰ ਇਹਨੂੰ ਲਗਾਤਾਰ ਲੈਂਦੇ ਰਹੇ। ਇਹ ਹਰ ਐਤਵਾਰ ਭਾਵ ਹਫ਼ਤੇ ਦੇ ਪਹਿਲੇ ਪਹਿਲੇ ਦਿਲ (ਰਸੂਲਾਂ ਦੇ ਕੰਮ 20:7), ਮਸੀਹੀ ਲੋਕਾ ਦੇ ਬੰਦਗੀ ਲਈ ਇਕੱਠੇ ਹੋਣ ਤੇ ਲਿਆ ਜਾਂਦਾ ਸੀ। ਇਸ ਬੰਦਗੀ ਵਿਚ ਉਹ ਖ਼ੁਦਾ ਦੀ ਤਾਰੀਫ਼ ਦੇ ਗੀਤ ਗਾਉਂਦੇ, ਦੁਆ ਕਰਦੇ, ਇਸ ਭੋਜ ਵਿਚ ਭਾਗ ਲੈਂਦੇ, ਉਹਦੇ ਵਚਨ ਦੇ ਧਿਆਨ ਕਰਦੇ ਅਤੇ ਭਲੇ ਕੰਮਾਂ ਲਈ ਚੰਦਾ ਇਕੱਠਾ ਕਰਦੇ ਸਨ।

*ਗਤਸਮਨੀ:* ਯਰੂਸ਼ਲਮ ਵਿਚ ਹੋਣ ਵੇਲੇ ਯਿਸੂ ਅਕਸਰ ਬਾਗ ਵਿਚ ਜਾਂਦਾ ਸੀ। ਆਪਣੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਉਹ ਦੁਆ ਕਰਨ ਅਤੇ ਜਗਤ ਦੇ ਪਾਪਾਂ ਵਾਸਤੇ ਮਰਨ ਦੀ ਆਪਣੀ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਉੱਥੇ ਗਿਆ। ਗਤਸਮਨੀ ਵਿਚ ਕੀਤੀਆਂ ਉਹਦੀਆਂ ਦੁਆਵਾਂ ਹੁਣ ਤਕ ਦੀਆਂ ਸਭ ਤੋਂ ਸ਼ਾਨਦਾਰ ਦੁਆਵਾਂ ਹਨ। ਵੇਖੋ ਮੱਤੀ 26:36-46; ਮਰਕੁਸ 14:32-42; ਲੂਕਾ 22:39-46.

*ਯਹੂਦੀ ਪੇਸ਼ੀਆਂ:* ਰੋਮ ਦਾ ਯਹੂਦੀਆਂ ਨੂੰ ਕਹਿਣਾ ਸੀ ਕਿ ''ਤੁਸੀਂ ਆਪਣੇ ਲੋਕਾਂ ਦੇ ਫ਼ੈਸਲੇ ਕਰ ਸਕਦੇ ਹੋ ਪਰ ਜਦ ਤਕ ਉਹਨੇ ਤੁਹਾਡੀ ਹੈਕਲ ਦੀ ਉਲੰਘਣਾ ਨਾ ਕੀਤੀ ਹੋਵੇ, ਤੁਸੀਂ ਉਹਨੂੰ ਮੌਤ ਦੀ ਸਜ਼ਾ ਨਹੀਂ ਦੇ ਸਕਦੇ। ਕਿਸੇ ਨੂੰ ਜਿਹਨੇ ਹੈਕਲ ਦੀ ਉਲੰਘਣਾ ਨਾ ਕੀਤੀ ਹੋਵੇ, ਮੌਤ ਦੀ ਸਜ਼ਾ ਦੇਣ ਲਈ ਸਾਡੀ ਰਜ਼ਾਮੰਦੀ ਲੈਣੀ ਜ਼ਰੂਰੀ ਹੈ।'' ਇਸ ਲਈ ਯਹੂਦੀ ਲੋਕ ਯਿਸੂ ਨੂੰ ਪਹਿਲਾਂ ਆਪਣੇ ਆਗੂਆਂ-ਅੰਨਾਸ, ਕਾਇਫ਼ਾ ਅਤੇ ਮਹਾਂਸਭਾ ਕੋਲ ਉਹਦੇ ਖਿਲਾਫ਼ ਮੁਕੱਦਮਾ ਕਰਨ ਲਈ ਲੈ ਗਏ ਤਾਂ ਜੋ ਉਹ ਉਹਨੂੰ ਰੋਮੀ ਅਧਿਕਾਰੀਆਂ ਅੱਗੇ ਪੇਸ਼ ਕਰ ਸਕਣ। ਉਨ੍ਹਾਂ ਜ਼ੋਰ ਦਿੱਤਾ ਕਿ ਰੋਮ ਉਨ੍ਹਾਂ ਨਾਲ ਰਜ਼ਾਮੰਦ ਹੋਵੇ ਅਤੇ ਯਿਸੂ ਨੂੰ ਸਲੀਬ ਦਿੱਤਾ ਜਾਵੇ। ਅੰਨਾਸ ਲਈ ਵੇਖੋ ਯੂਹੰਨਾ 18:12, 13, 19-23; ਕਾਇਫ਼ਾ ਲਈ ਵੇਖੋ ਮੱਤੀ 26:57; ਯੂਹੰਨਾ 18:14, 24; ਮਹਾਂਸਭਾ ਲਈ ਵੇਖੋ ਮੱਤੀ 26:59-68; 27:1, 2; ਮਰਕੁਸ 14:53-65; 15:1; ਲੂਕਾ 22:66-23:1.

*ਰੋਮੀ ਪੇਸ਼ੀਆਂ:* ਯਹੂਦੀ ਲੋਕ ਯਿਸੂ ਨੂੰ ਪਿਲਾਤੁਸ ਕੋਲ ਲੈ ਗਏ, ਜੋ ਰੋਮ ਦਾ ਨਮਾਇੰਦਾ ਹੋਵੇਗਾ। ਪਿਲਾਤੁਸ ਉਨ੍ਹਾਂ ਦੀ ਗੱਲ ਨਾਲ ਰਾਜ਼ੀ ਨਹੀਂ ਹੋਇਆ, ਪਰ ਉਹਨੂੰ ਨੁੱਕਰੇ ਲਾ ਦਿੱਤਾ ਗਿਆ ਅਤੇ ਅਖੀਰ ਉਹਨੂੰ ਉਨ੍ਹਾਂ ਦੀ ਬੇਨਤੀ ਮੰਨਣੀ ਪਈ। ਪਿਲਾਤੁਸ ਅੱਗੇ ਉਹਦੀ ਪਹਿਲੀ ਪੇਸ਼ੀ ਲਈ,ਵੇਖੋ ਲੂਕਾ 23:1-7; ਹੈਰੋਦੇਸ ਲਈ ਵੇਖੋ ਲੂਕਾ 23:8-11; ਪਿਲਾਤੁਸ ਅੱਗੇ ਦੂਜੀ ਪੇਸ਼ੀ ਲਈ ਵੇਖੋ ਲੂਕਾ 23:11-25.

*ਸਲੀਬ ਦਿੱਤਾ:* ਕਿਸੇ ਮੁਜਰਮ ਨੂੰ ਸਲੀਬ ਜਾਂ ਰੁੱਖ ਉੱਤੇ ਕਿਲਾਂ ਨਾਲ ਠੋਕ ਕੇ ਮਰਨ ਤਕ ਸਜ਼ਾ ਦੇਣ ਦਾ ਇਹ ਜ਼ਾਲਮਾਨਾ ਤਰੀਕਾ (ਗਲਾਤੀਆਂ 3:13) ਸੀ। ਕਈ ਤਾਂ ਕਈ-ਕਈ ਦਿਨ ਟੰਗੇ ਰਹਿ ਕੇ ਤਸੀਹੇ ਝੱਲਦੇ ਰਹਿੰਦੇ ਸਨ। ਰੋਮੀ ਸ਼ਹਿਰੀ ਨੂੰ ਕੋੜੇ ਮਾਰਨ ਜਾਂ ਸਲੀਬ ਦੇਣ ਦੀ ਮਨਾਹੀ ਸੀ। ਕਿਸੇ ਨੂੰ ਮਾਰਨ ਲਈ ਯਹੂਦੀ ਲੋਕ ਆਮਤੌਰ ਤੇ ਪਥਰਾਅ ਦੀ ਵਰਤੋਂ ਕਰਦੇ ਸਨ; ਪਰ ਯਿਸੂ ਦੇ ਮਾਮਲੇ ਵਿਚ ਉਨ੍ਹਾਂ ਨੇ ਸਲੀਬ ਦੇਣ ਦੀ ਮੰਗ ਕੀਤੀ। ਵੇਖੋ ਮੱਤੀ 27:33-54; ਮਰਕੁਸ 15:20-39; ਲੂਕਾ 23:32-47, ਯੂਹੰਨਾ 19:17-30.

*ਜੀ ਉੱਠਣਾ:* ਤਿੰਨ ਦਿਨਾਂ ਦੇ (ਸ਼ੁੱਕਰਵਾਰ, ਸਨਿੱਚਰਵਾਰ ਅਤੇ ਐਤਵਾਰ) ਦੇ ਕੁਝ ਭਾਗ ਕਬਰ ਵਿਚ ਰਹਿਣ ਦੇ ਬਾਅਦ ਯਿਸੂ ਇਹ ਵਿਖਾਉਂਦੇ ਹੋਏ, ਉਹਨੂੰ ਮੌਤ ਉੱਤੇ ਅਖ਼ਤਿਆਰ ਹੈ, ਮੁਰਦਿਆਂ ਵਿੱਚੋਂ ਜੀ ਉੱਠਿਆ। ਉਹਦਾ ਚਮਤਕਾਰੀ ਜੀ ਉੱਠਣਾ ਇਹ ਸੰਕੇਤ ਸੀ ਕਿ ਉਹ ਸਚਮੁਚ ਖ਼ੁਦਾਈ ਦਾ ਤੀਜਾ ਸ਼ਖ਼ਸ ਹੈ। ਵੇਖੋ ਮੱਤੀ 28; ਮਰਕੁਸ 16; ਲੂਕਾ 24; ਯੂਹੰਨਾ 20; 21.

*ਉੱਪਰ ਉਠਾਇਆ ਜਾਣਾ:* ਜੀ ਉੱਠਣ ਦੇ ਚਾਲੀ ਦਿਨਾਂ ਬਾਅਦ ਯਿਸੂ ਅਸਮਾਨ ਤੇ ਉੱਪਰ ਉੱਠਾ ਲਿਆ ਗਿਆ। ਉਹਨੂੰ ਬੱਦਲਾਂ ਵਿੱਚੋਂ ਦੀ ਉਠਾਏ ਜਾਣ ਤੇ ਪਿਤਾ ਕੋਲ ਵਾਪਸ ਜਾਂਦਿਆਂ ਵੇਖਣ ਲਈ ਰਸੂਲ ਉੱਥੇ ਹੀ ਸਨ। ਵਚਨ ਦੱਸਦਾ ਹੈ ਕਿ ਸਮੇਂ ਦੇ ਅੰਤ ਵਿਚ ਉਹ ਇਸੇ ਤਰ੍ਹਾਂ ਵਾਪਸ ਆਵੇਗਾ (ਮੱਤੀ 26:64)। ਵੇਖੋ ਲੂਕਾ 24:51; ਰਸੂਲਾਂ ਦੇ ਕੰਮ 1:9-11.

*ਪੈਂਟੀਕਾਸਟ ਦਾ ਦਿਨ:* ਪੈਂਟੀਕਾਸਟ ਦਾ ਦਿਨ ਯਿਸੂ ਦੇ ਉੱਪਰ ਉਠਾਏ ਜਾਣ ਦੇ ਦਸ ਦਿਨ ਬਾਅਦ ਸੀ। ਇਹ ਯਹੂਦੀਆਂ ਦੇ ਖ਼ਾਸ ਪਰਬਾਂ ਵਿੱਚੋਂ ਇਕ ਸੀ। ਇਸ ਦਿਨ ਨਵੇਂ ਅਹਿਦ ਦੇ ਆਉਣ ਦੇ ਨਿਸ਼ਾਨ ਅਤੇ ਰਸੂਲਾਂ ਨੂੰ ਈਮਾਨਦਾਰੀ ਨਾਲ ਅਤੇ ਸਹੀ-ਸਹੀ ਖ਼ੁਦਾ ਦਾ ਵਚਨ ਬੋਲਣ ਅਤੇ ਲਿਖਣ ਲਈ ਅਗਵਾਈ ਦੇਣ ਦੇ ਨਿਸ਼ਾਨ ਦੇ ਤੌਰ ਤੇ ਉਨ੍ਹਾਂ 'ਤੇ ਪਵਿੱਤਰ ਆਤਮਾ ਵਹਾਇਆ ਗਿਆ ਸੀ। ਇੰਜੀਲ ਸੁਣਾਏ ਜਾਣ ਤੇ ਤਿੰਨ ਹਜ਼ਾਰ ਲੋਕਾਂ ਨੇ ਤੌਬਾ ਕੀਤੀ ਅਤੇ ਆਪਣੇ ਪਾਪਾਂ ਦੀ ਮਾਫੀ ਲਈ ਬਪਤਿਸਮਾ ਲਿਆ ਸੀ। ਇਸ ਦਿਨ ਉਹ ਕਲੀਸੀਆ ਹੋਂਦ ਵਿਚ ਆਈ ਜਿਹਦਾ ਵਾਅਦਾ ਯਿਸੂ ਨੇ ਕੀਤਾ ਸੀ। ਪੜ੍ਹੋ ਰਸੂਲਾਂ ਦੇ ਕੰਮ 2 ਅਧਿਆਇ।

*ਵਿਸ਼ਵਾਸ:* ਖ਼ੁਦਾ ਦੀ ਗੱਲ ਤੇ ਵਿਸ਼ਵਾਸ ਕਰਕੇ ਅਤੇ ਭਰੋਸੇ ਅਤੇ ਪਿਆਰ ਨਾਲ ਉਹਦੀ ਗੱਲ ਤੇ ਅਮਲ ਕਰਨ ਨਾਲ ਹੀ ਯਿਸੂ ਨੂੰ ਖ਼ੁਦਾ ਦੇ ਪੁੱਤਰ ਦੇ ਤੌਰ ਤੇ ਕਬੂਲ ਕੀਤਾ ਜਾ ਸਕਦਾ ਹੈ। ਵੇਖੋ ਰੋਮੀਆਂ 10:17; ਇਬਰਾਨੀਆਂ 11:1.

*ਤੌਬਾ:* ਜੇ ਸਾਨੂੰ ਪਤਾ ਹੈ ਕਿ ਉਹ ਬੁਰਾ ਜਾਂ ਪਾਪ ਹੈ ਉਹਨੂੰ ਕਰਨਾ ਬੰਦ ਕਰਕੇ ਖ਼ੁਦਾ ਦੇ ਵਚਨ ਨੂੰ ਮੰਨਣਾ ਹੀ ਤੌਬਾ ਹੈ। ਪਸ਼ਚਾਤਾਪੀ ਮਨ ਦਾ ਸੰਕਲਪ ਇਸ ਮਸੀਹੀ ਯੁਗ ਵਿਚ ਖ਼ੁਦਾ ਦੀ ਸਿੱਖਿਆ ਨੂੰ ਆਨੰਦ ਅਤੇ ਸਮਰਪਣ ਨਾਲ ਮੰਨ ਲੈਂਦਾ ਹੈ। ਵੇਖੋ ਰਸੂਲਾਂ ਦੇ ਕੰਮ 17:30; 1 ਥੱਸਲੁਨੀਕੀਆਂ 1:9, 10.

*ਇਕਰਾਰ:* ਇਹ ਜ਼ਬਾਨੀ ਐਲਾਨ ਵੀ ਹੈ ਕਿ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਮਸੀਹ ਖ਼ੁਦਾ ਦਾ ਪੁੱਤਰ ਹੈ ਅਤੇ ਆਪਣੀ ਜ਼ਿੰਦਗੀ ਰਾਹੀਂ ਉਹਦੇ ਖ਼ੁਦਾ ਹੋਣ ਨੂੰ ਮੰਨਣਾ ਵੀ ਹੈ । ਵੇਖੋ ਮੱਤੀ 10:32; ਰੋਮੀਆਂ 10:10; 1 ਯੂਹੰਨਾ 4:15.

*ਬਪਤਿਸਮਾ:* ਬਪਤਿਸਮਾ ਉਹ ਹੁੰਦਾ ਹੈ ਜਿਸ ਵਿਚ ਕਿਸੇ ਨੂੰ ਪਾਪਾਂ ਦੀ ਮਾਫੀ ਲਈ ਪਾਣੀ ਵਿਚ ਦਫ਼ਨਾਇਆ ਜਾਵੇ। ਬਪਤਿਸਮਾ ਵਿਸ਼ਵਾਸ ਜ਼ਾਹਿਰ ਕਰਨ ਦਾ ਅਤੇ ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਨੂੰ ਫੇਰ ਤੋਂ ਲਾਗੂ ਕਰਦੀ ਹੈ। ਇਹ ਉਹ ਪਲ ਹੈ ਜਦ ਯਿਸੂ ਆਪਣੀ ਕਲੀਸੀਆ ਵਿਚ ਡੁਬੋਏ ਜਾਣ ਵਾਲੇ ਨੂੰ ਮਿਲਾ ਲੈਂਦਾ ਹੈ। ਵੇਖੋ ਮੱਤੀ 28:19, 20; ਰਸੂਲਾਂ ਦੇ ਕੰਮ 2:38, 41, 47; ਰੋਮੀਆਂ 6:3, 4.

*ਕਲੀਸੀਆ:* ਇਹਨੂੰ ਮਸੀਹ ਦੀ ''ਦੇਹ'' ਜਾਂ ਉਹਦਾ ''ਰਾਜ'' ਵੀ ਆਖਿਆ ਜਾਂਦਾ ਹੈ, ਮਸੀਹ ਦੀ ਕਲੀਸੀਆ ਉਹ ਰੂਹਾਨੀ ਦੇਹ ਹੈ ਜਿਸ ਵਿਚ ਬਚਾਏ ਹੋਏ ਲੋਕ ਹਨ। ਉਹਦੀ ਦੇਹ ਖ਼ੁਦਾ ਦੀ ਬੰਦਗੀ ਕਰਦੀ ਹੈ ਅਤੇ ਸੰਸਾਰ ਵਿਚ ਉਹਦਾ ਕੰਮ ਕਰਦੀ ਹੈ। ਯਿਸੂ ਜਦ ਇੱਥੇ ਸੀ ਤਾਂ ਉਹਨੇ ਜਿਸਮਾਨੀ ਦੇਹ ਵਿਚ ਆਪਣਾ ਕੰਮ ਕੀਤਾ, ਪਰ ਹੁਣ ਆਪਣੀ ਰੂਹਾਨੀ ਦੇਹ ਭਾਵ ਕਲੀਸੀਆ ਦੇ ਰਾਹੀਂ ਆਪਣਾ ਕੰਮ ਕਰਦਾ ਹੈ। ਵੇਖੋ ਅਫ਼ਸੀਆਂ 1:22, 23; 3:21.

*ਪਵਿੱਤਰ ਕੀਤੇ ਜਾਣਾ:* ਮਸੀਹੀ ਵਿਅਕਤੀ ਪਵਿੱਤਰ ਕੀਤਾ ਹੋਇਆ ਭਾਵ ਬਪਤਿਸਮਾ ਲੈਣ ਸਮੇਂ ਪ੍ਰਭੂ ਵੱਲੋਂ ਅੱਡ ਕੀਤਾ ਹੋਇਆ ਹੈ। ਉਹ ਧਰਤੀ ਦੇ ਆਪਣੀ ਜ਼ਿੰਦਗੀ ਦੇ ਰਾਹੀਂ ਇਸ ਪਵਿੱਤਰੀਕਰਨ ਵਿਚ ਵਧਦੀ ਹੀ ਜਾਂਦਾ ਹੈ। ਜਿਵੇਂ-ਜਿਵੇਂ ਉਹ ਖ਼ੁਦਾ ਦੇ ਵਚਨ ਦਾ ਅਧਿਐਨ ਕਰਦਾ ਹੈ, ਉਹ ਪਵਿੱਤਰਤਾਈ ਅਤੇ ਸ਼ੁੱਧਤਾ ਵਿਚ ਖ਼ੁਦਾ ਵਰਗਾ ਬਣਦਾ ਜਾਂਦਾ ਹੈ। ਉਹ ਬੰਦਗੀ ਕਰਦਾ ਹੈ, ਦੁਆ ਕਰਦਾ ਹੈ, ਚੰਦਾ ਦਿੰਦਾ ਹੈ, ਮਾਫ ਕਰਦਾ ਹੈ। ਅਤੇ ਲੋੜਵੰਦਾਂ ਦੀ ਮਦਦ ਸੇਵਾ ਕਰਦਾ ਹੈ। ਵੇਖੋ 1 ਕੁਰਿੰਥੀਆਂ 1:1, 2; ਰਸੂਲਾਂ ਕੇ ਕੰਮ 20:32; ਇਬਰਾਨੀਆਂ 2:11; 10:14.